# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ ,ਪੰਜਾਬ,ਚੰਡੀਗੜ੍ਹ।

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ:172-2623006, 2623207, 2620106
ਫੈਕਸ:0172-2624687 ਈ-ਮੇਲ: ssapunjab123@gmail.com

ਵੱਲ: ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ),
ਰਾਜ ਦੇ ਸਮੂਹ ਸਕੂਲਾਂ ਦੇ ਮੁਖੀ (ਵੈਬ-ਸਾਈਟ ਰਾਹੀਂ)

ਮੀਮੋ ਨੰ:9/5-2010/ਸਸਅ/ਟੀਬੀ/ਰੈਸ਼/68453

ਮਿਤੀ, ਚੰਡੀਗੜ੍ਹ : 08-11-2010

**ਵਿਸ਼ਾ: ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਸੈਕਸ਼ਨ ਬਣਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰੋ ਜੀ।

2.0 ਪਿਛਲੇ ਦਿਨੀਂ ਰਾਜ ਦੇ ਸਕੂਲਾਂ ਵਿੱਚ ਵੱਖ-2 ਨਿਰੀਖਣ ਟੀਮਾਂ ਵੱਲੋਂ ਕੀਤੇ ਦੌਰਿਆਂ ਦੌਰਾਨ ਇਹ ਧਿਆਨ ਵਿੱਚ ਆਇਆ ਹੈ ਕਿ ਸਕੂਲਾਂ ਵੱਲੋਂ ਭੇਜੀ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਸੈਕਸ਼ਨ ਵੰਡ ਕਰਕੇ ਸਕੂਲ ਵਿੱਚ ਖਾਲੀ ਜਾਂ ਭਰੀ ਪੋਸਟ ਤਾਂ ਸ਼ਿਫ਼ਟ ਕਰ ਦਿੱਤੀ ਹੈ ਪ੍ਰੰਤੂ ਸਕੂਲ ਵੱਲੋਂ ਸੈਕਸ਼ਨ ਨਹੀਂ ਬਣਾਏ ਗਏ ਅਤੇ ਅਧਿਆਪਕਾਂ ਤੋਂ ਸਮਰੱਥਾ ਅਨੁਸਾਰ ਕੰਮ ਨਹੀਂ ਲਿਆ ਜਾ ਰਿਹਾ।

3.0 ਇਸੇ ਤਰਾਂ ਕਈ ਜ਼ਿਲ੍ਹਿਆਂ ਤੋਂ ਅਜਿਹੇ ਲੈਕਚਰਾਰਜ਼ ਵੱਲੋਂ ਪੀਰੀਅਡ ਨਾ ਲੈਣ ਸਬੰਧੀ ਸੂਚਨਾਵਾਂ ਪ੍ਰਾਪਤ ਹੋਈਆਂ ਹਨ, ਜਿਹਨਾਂ ਨੂੰ ਹੇਠਲੀਆਂ ਜਮਾਤਾਂ ਦੇ ਪੀਰੀਅਡ ਦੇ ਕੇ ਪੀਰੀਅਡ ਪੂਰੇ ਕੀਤੇ ਗਏ ਹਨ।ਇੰਝ ਕਰਨ ਨਾਲ ਲੈਕਚਰਾਰ ਤਾਂ ਵਿਹਲੇ ਬੈਠਦੇ ਹੀ ਹਨ ਸਗੋਂ ਉਹਨਾਂ ਦੀ ਵਜ੍ਹਾ ਕਾਰਨ ਸਬੰਧਤ ਵਿਸ਼ੇ ਦੇ ਮਾਸਟਰ ਨੂੰ ਵੀ ਸ਼ਿਫ਼ਟ ਕਰ ਦਿੱਤਾ ਗਿਆ ਹੈ।

4.0 ਉਪਰੋਕਤ ਨੂੰ ਮੁੱਖ ਰੱਖਦੇ ਹੋਏ ਆਪ ਜੀ ਨੂੰ ਸਖ਼ਤ ਹਦਾਇਤਿ ਕੀਤੀ ਜਾਂਦੀ ਹੈ ਕਿ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ ਆਪਣੇ ਆਪਣੇ ਜ਼ਿਲ੍ਹੇ ਦੇ ਸਕੂਲਾਂ ਵਿੱਚ ਇਹ ਯਕੀਨੀ ਬਣਾਉਣਗੇ ਕਿ ਆਪ ਜੀ ਨੂੰ ਦਿੱਤੀ ਗਈ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਮੁਤਾਬਿਕ ਤਜਵੀਜ਼ਤ ਸੈਕਸ਼ਨ ਬਣਾਉਣ ਕਿਉਂ ਕਿ ਇਹ ਆਮ ਵੇਖਣ ਵਿੱਚ ਆਇਆ ਹੈ ਕਿ ਸਕੂਲਾਂ ਵੱਲੋਂ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਤਹਿਤ ਅਧਿਆਪਕ ਤਾਂ ਲੈ ਲਏ ਹਨ ਪਰੰਤੂ ਸੈਕਸ਼ਨ ਇਕੱਠੇ ਕਰਕੇ ਹੀ ਪੜ੍ਹਾਈ ਕਰਵਾਈ ਜਾ ਰਹੀ ਹੈ।ਇਹ ਵੀ ਹਦਾਇਤ ਕੀਤੀ ਜਾਂਦੀ ਹੈ ਜਿਹਨਾਂ ਸਕੂਲਾਂ ਵਿੱਚ ਲੈਕਚਰਾਰਾਂ ਦੇ ਪੀਰੀਅਡ ਉੱਪਰਲੀਆਂ ਜਮਾਤਾਂ ਵਿੱਚ ਪੂਰੇ ਨਹੀਂ ਹੁੰਦੇ ਤਾਂ ਉਹਨਾਂ ਨੂੰ ਲਾਜ਼ਮੀ ਤੌਰ 'ਤੇ ਹੇਠਲੀਆਂ ਜਮਾਤਾਂ ਦੇ ਪੀਰੀਅਡ ਦਿੱਤੇ ਜਾਣ। ਜੇਕਰ ਕੋਈ ਕਰਮਚਾਰੀ ਇਹਨਾਂ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਇਸ ਦੀ ਸੂਚਨਾ ਇਸ ਦਫ਼ਤਰ ਨੂੰ ਭੇਜੀ ਜਾਣੀ ਚਾਹੀਦੀ ਹੈ।

5.0 ਜਿੱਥੇ ਵਿਦਿਆਰਥੀ ਅਧਿਆਪਕ ਅਨੁਪਾਤ ਅਨੁਸਾਰ ਅਧਿਆਪਕਾਂ ਦੀ ਘਾਟ ਹੈ, ਅਜਿਹੇ ਮਾਮਲਿਆਂ ਵਿੱਚ ਰੈਸ਼ਨੇਲਾਈਜ਼ੇਸ਼ਨ ਨੀਤੀ ਅਨੁਸਾਰ ਸੈਕਸ਼ਨ ਵੰਡ ਤੋਂ ਛੋਟ ਦਿੱਤੀ ਜਾ ਸਕਦੀ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।**

ਪਿੱਠ ਅੰਕਣ ਨੰ:-ਉਕਤ-

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਵੈਬ-ਸਾਈਟ ਰਾਹੀਂ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਅਜਿਹੀ ਊਣਤਾਈ ਇਸ ਦਫ਼ਤਰ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਉਹਨਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।**